# ਕ੍ਰਾਫਟ ਸਮੱਗਰੀ

## ਵਿਸ਼ਵਾਸ ਦੇ ਹੀਰੋ , ਯੂਨਿਟ 1

### ਕਾਰਡ ਦਾ ਲਿਫਾਫਾ

ਹਰ ਹਫਤੇ ਹਾਜ਼ਰੀ ਲਵਾ ਕੇ ਬੱਚਿਆਂ ਨੂੰ ਜਿਹੜੇ ਕਾਰਡ ਮਿਲਦੇ ਹਨ ਉਹਨਾਂ ਨੂੰ ਇਕੱਠੇ ਕਰਨ ਲਈ ਇਸ ਲਿਫਾਫੇ ਦੀ ਵਰਤੋਂ ਕਰੋ।





#### ਸਮੱਗਰੀ

- 1 ਲਿਫ਼ਾਫੇ ਦਾ ਪੈਟਰਨ
- ਰੰਗ
- ਗੂੰਦ

#### ਨਿਰਦੇਸ਼

1. ਪੂਰੀਆਂ ਲਾਈਨਾਂ ਨੂੰ ਕੱਟਦੇ ਹੋਏ ਲਿਫਾਫੇ ਦੇ ਪੈਟਰਨ ਨੂੰ ਕੱਟੋ ਜਾਂ ਬਾਹਰ ਕੱਢੋ, ਡੈਸ਼ ਵਾਲੀਆਂ ਲਾਈਨਾਂ ਨੂੰ ਮੋੜੋ।
2. ਲਿਫ਼ਾਫ਼ੇ ਨੂੰ ਰੰਗ ਕਰੋ ਅਤੇ ਖਾਨੇ ਵਿੱਚ ਆਪਣਾ ਨਾਮ ਲਿਖੋ।
3. ਪੱਲਿਆਂ ਨੂੰ ਗੂੰਦ ਲਾਕੇ ਲਿਫ਼ਾਫ਼ੇ ਦੀਆਂ ਸਾਈਡਾਂ ਤੇ ਚਿਪਕਾਓ।
4. ਲਿਫਾਫੇ ਨੂੰ ਬੰਦ ਕਰਨ ਲਈ ਉੱਪਰਲੇ ਪੱਲੇ ਨੂੰ ਸਲਿੱਟ ' ਚ ਪਾਓ।









### ਟੋਪੀ ਦੀ ਮੂਹਰਲੀ ਛੱਤ

#### ਸਮੱਗਰੀ

- ਟੋਪੀ ਦੀ ਮੂਹਰਲੀ ਛੱਤ ਦਾ ਪੈਟਰਨ
- ਸਟਾਰਬਰਸਟ ਦਾ ਪੈਟਰਨ
- ਰੰਗ
- ਗੂੰਦ
- ਘੁੰਗਰਾਲਾ ਰਿਬਨ

#### ਨਿਰਦੇਸ਼

1. ਟੋਪੀ ਦੀ ਮੂਹਰਲੀ ਛੱਤ ਦੇ ਪੈਟਰਨ ਨੂੰ ਰੰਗ ਕਰੋ।
2. ਟੋਪੀ ਦੀ ਮੂਹਰਲੀ ਛੱਤ ਨੂੰ ਅਤੇ ਹੀਰੋਜ਼ ਦੇ ਲੋਗੋ ਨੂੰ ਕੱਟੋ ਜਾਂ ਬਾਹਰ ਕੱਢੋ ਅਤੇ ਟੋਪੀ ਦੀ ਛੱਤ ਦੇ ਸਿਰਿਆਂ 'ਤੇ ਮੋਰੀਆਂ ਕੱਢੋ।
3. ਫੋਮ ਵਾਲੇ ਕਾਗਜ਼ ਜਾਂ ਰੰਗੀਨ ਕਾਗਜ਼ ਵਿੱਚੋਂ ਤਾਰੇ / ਸਟਾਰਬਰਸਟ ਦੀ ਸ਼ੇਪ ਨੂੰ ਕੱਟੋ ਜਾਂ ਬਾਹਰ ਕੱਢੋ। ਹਰ ਬੱਚੇ ਨੂੰ ਦੋ ਵੱਡੇ ਅਤੇ ਦੋ ਛੋਟੇ ਤਾਰੇ ਮਿਲਦੇ ਹਨ।
4. ਤਾਰਿਆਂ ਨੂੰ ਟੋਪੀ ਦੀ ਮੂਹਰਲੀ ਛੱਤ ਉੱਤੇ ਗੂੰਦ ਨਾਲ ਚਿਪਕਾ ਦਿਓ ਅਤੇ ਹੀਰੋਜ਼ ਦੇ ਲੋਗੋ ਨੂੰ ਤਾਰਿਆਂ ਦੇ ਉੱਤੇ ਚਿਪਕਾ ਦਿਓ ਜਿਸ ਨਾਲ ਕਿ 3 ਡੀ ਜਿਹਾ ਲੱਗੇ।
5. ਟੋਪੀ ਦੀ ਛੱਤ ਦੇ ਦੋਵੇਂ ਸਿਰਿਆਂ ਤੇ ਬਣੀਆਂ ਮੋਰੀਆਂ ਵਿੱਚੋਂ ਦੀ ਘੁੰਗਰਾਲਾ ਰਿਬਨ ਜਾਂ ਧਾਗਾ ਬੰਨ੍ਹੋ ਅਤੇ ਇਸਨੂੰ ਬੱਚੇ ਦੇ ਸਿਰ ਨਾਲ ਬੰਨ੍ਹ ਦਿਓ।

# ਕਠਪੁਤਲੀ ਦਾ ਸਟੇਜ

ਇਸ ਸਟੇਜ ਅਤੇ ਡੰਡੀ ਵਾਲੀਆਂ ਕਠਪੁਤਲੀਆਂ ਦੀ ਮਦਦ ਨਾਲ ਬਾਈਬਲ ਦੀਆਂ ਕਹਾਣੀਆਂ ਸੁਣਾਉਣ ਦਾ ਅਨੰਦ ਮਾਣੋ।





## ਸਮੱਗਰੀ

- 1 ਸਟੇਜ ਅਤੇ ਕਿਰਦਾਰ ਦਾ ਪੈਟਰਨ
- 2 ਪੀਣ ਵਾਲੀਆਂ ਪਲਾਸਟਿਕ ਦੀਆਂ ਪਾਇਪਾਂ
- ਘੁੰਗਰਾਲਾ ਰਿਬਨ
- ਰੰਗ
- ਕੈਂਚੀ
- ਗੂੰਦ ਜਾਂ ਟੇਪ

## ਨਿਰਦੇਸ਼

1. ਸਟੇਜ ਦੇ ਅਗਲੇ ਫਰੇਮ, ਸੀਨ ਅਤੇ ਕਿਰਦਾਰਾਂ ਨੂੰ ਰੰਗੋ।
2. ਟੁਕੜਿਆਂ ਨੂੰ ਕੱਟੋ ਜਾਂ ਬਾਹਰ ਕੱਢੋ। ਪੂਰੀਆਂ ਲਾਈਨਾਂ ਨੂੰ ਕੱਟੋ, ਡੈਸ਼ ਵਾਲੀਆਂ ਲਾਈਨਾਂ ਨੂੰ ਮੋੜੋ।
3. ਪੱਲਿਆਂ ਨੂੰ ਇਕੱਠੇ ਹਰ ਸਾਈਡ 'ਤੇ ਗੂੰਦ ਲਾਕੇ ਚਿਪਕਾ ਦਿਓ। ਇਹ ਪੱਕਾ ਕਰ ਲਓ ਕਿ ਮੋਰੀਆਂ ਬਰਾਬਰ ਹਨ।
4. ਸੀਨ ਨੂੰ ਅੰਦਰ ਲਾ ਦਿਓ ਤਾਂ ਜੋ ਇਹ ਸਟੇਜ ਦੇ ਪਿਛੋਕੜ ਦੇ ਰੂਪ ਵਿੱਚ ਨਜ਼ਰ ਆਵੇ।
5. ਪਾਤਰਾਂ ਨੂੰ ਪਾਇਪ ਦੇ ਸਿਰਿਆਂ ਤੇ ਗੂੰਦ ਨਾਲ ਚਿਪਕਾ ਦਿਓ। ਅਸੀਂ ਸੁਝਾਅ ਦਿੰਦੇ ਹਾਂ ਕਿ ਦੋਵੇਂ ਆਦਮੀ ਦੋ ਪਾਈਪਾਂ ਤੇ ਚਲੇ ਜਾਣ, ਫਿਰ ਔਰਤ ਅਤੇ ਖੋਤਾ, ਆਦਮੀਆਂ ਦੇ ਪਿਛਲੇ ਪਾਸੇ ਚਲੇ ਜਾਣ।
6. ਗਰਦਨ ਤੇ ਲਟਕਾਉਣ ਲਈ ਇੱਕ ਲੰਮਾ ਘੁੰਗਰਾਲਾ ਰਿਬਨ ਮੋਰੀਆਂ ਵਿੱਚ ਬੰਨ੍ਹੋ।



ਚਿਲਡਰਨ ਆਰ ਇਮਪੋਰਟੈਂਟ